# ਸਮੇਂ ਦੀਆਂ ਹੱਦਾਂ

*ਬ੍ਰਿਟਿਸ਼ ਕੋਲੰਬੀਆ ਵਿਚ ਕਿਸੇ ਕਾਨੂੰਨੀ ਕਲੇਮ ਲਈ ਕੇਸ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੇ ਕੋਲ ਕਿੰਨਾ ਸਮਾਂ ਹੈ?*

## ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

ਜੇ ਤੁਹਾਡਾ ਕੋਈ ਕਾਨੂੰਨੀ ਕਲੇਮ ਹੈ ਜਿਹੜਾ ਕਿਸੇ ਅਦਾਲਤ ਜਾਂ ਟ੍ਰਿਬਿਊਨਲ ਲਈ ਜਾ ਸਕਦਾ ਹੈ ਤਾਂ ਉਹ ਕੇਸ ਤਕਰੀਬਨ ਸਦਾ ਸਮੇਂ ਦੀ ਇਕ ਹੱਦ ਦੇ ਅੰਦਰ ਅੰਦਰ ਸ਼ੁਰੂ ਹੋਣਾ ਜ਼ਰੂਰੀ ਹੈ।

ਇਹ ਸਮਾਂ ਲੰਘ ਜਾਣ ਤੋਂ ਬਾਅਦ, ਅਦਾਲਤ ਜਾਂ ਟ੍ਰਿਬਿਊਨਲ ਤੁਹਾਡੇ ਕਲੇਮ ਨੂੰ ਨਾਂਹ ਕਰ ਸਕਦੇ ਹਨ, ਭਾਵੇਂ ਤੁਹਾਡਾ ਕੇਸ ਕਿੰਨਾ ਵੀ ਮਜ਼ਬੂਤ ਕਿਉਂ ਨਾ ਹੋਣਾ ਸੀ।

ਸਮੇਂ ਦੀਆਂ ਹੱਦਾਂ ਨੂੰ “ਲਿਮੀਟੇਸ਼ਨ ਪੀਰੀਅਡ” ਆਖਿਆ ਜਾਂਦਾ ਹੈ। ਇਹ ਇਕ ਕਿਸਮ ਦੀ ਉਲਟੀ ਗਿਣਤੀ ਸ਼ੁਰੂ ਹੋਣ ਵਾਂਗ ਹੈ। ਤੁਹਾਡੇ ਲਈ ਆਪਣਾ ਕੇਸ ਸਮੇਂ ਦੀ ਹੱਦ ਲੰਘ ਜਾਣ ਤੋਂ ਪਹਿਲਾਂ ਸ਼ੁਰੂ ਕਰਨਾ ਜ਼ਰੂਰੀ ਹੈ।

## ਸਮੇਂ ਦੀਆਂ ਵੱਖੋ ਵੱਖਰੀਆਂ ਹੱਦਾਂ

ਸਮੇਂ ਦੀਆਂ ਹੱਦਾਂ ਵੱਖੋ ਵੱਖਰੇ ਕਲੇਮਾਂ ਲਈ ਵੱਖ ਵੱਖ ਹਨ। ਇਹ ਅਕਸਰ *ਲਿਮੀਟੇਸ਼ਨ ਐਕਟ* ਮੁਤਾਬਕ ਹੁੰਦੇ ਹਨ। ਇਹ ਕਾਨੂੰਨ ਬਹੁਤੇ ਕੇਸਾਂ ਲਈ ਵੱਧ ਤੋਂ ਵੱਧ 2 ਸਾਲ ਦਾ ਸਮਾਂ ਤਹਿ ਕਰਦਾ ਹੈ।

ਪਰ ਕੁਝ ਕਲੇਮਾਂ ਲਈ ਸਮੇਂ ਦੀਆਂ ਹੱਦਾਂ 2 ਸਾਲ ਨਾਲੋਂ ਘੱਟ ਸਮੇਂ ਦੀਆਂ ਹੁੰਦੀਆਂ ਹਨ। ਉਦਾਹਰਣ ਲਈ, ਕਿਸੇ ਸ਼ਹਿਰ ਜਾਂ ਮਿਉਂਸਿਪਲਟੀ ਵਿਰੁੱਧ ਕਲੇਮ ਕਰਨ ਦਾ ਸਮਾਂ ਸਿਰਫ 30 ਦਿਨਾਂ ਦਾ ਹੀ ਹੋ ਸਕਦਾ ਹੈ। ਇਹ ਲੰਬੇ ਸਮੇਂ ਵੀ ਹੋ ਸਕਦੇ ਹਨ। ਉਦਾਹਰਣ ਲਈ, ਅਦਾਲਤ ਦੇ ਕਿਸੇ ਫੈਸਲੇ ਨੂੰ ਲਾਗੂ ਕਰਾਵਾਉਣ ਲਈ ਤੁਹਾਡੇ ਕੋਲ 10 ਸਾਲ ਤੱਕ ਦਾ ਸਮਾਂ ਹੋ ਸਕਦਾ ਹੈ।

ਕੁਝ ਕਲੇਮ ਕਰਨ ਲਈ ਸਮੇਂ ਦੀਆਂ ਹੱਦਾਂ ਨਹੀਂ ਹੁੰਦੀਆਂ। ਉਦਾਹਰਣ ਲਈ, ਉਹ ਹਮਲੇ ਜਾਂ ਕਾਮੁਕ ਦੁਰਵਿਹਾਰ ਜਿਨ੍ਹਾਂ ਵਿਚ ਨਾਬਾਲਗਾਂ ਸ਼ਾਮਲ ਹੁੰਦੇ ਹਨ, ਲਿੰਗਕ ਸੰਬੰਧਾਂ ਵਿਚਲੇ ਲੋਕ, ਜਾਂ ਨਿਰਭਰ ਰਿਸ਼ਤਿਆਂ ਵਿਚਲੇ ਲੋਕ।

## ਸਮੇਂ ਦੀ ਹੱਦ ਨੂੰ ਵਧਾਉਣਾ

ਕੋਈ ਅਦਾਲਤ ਜਾਂ ਟ੍ਰਿਬਿਊਨਲ ਸਮੇਂ ਦੀ ਹੱਦ ਵਿਚ ਵਾਧਾ ਕਰਨ ਦਾ ਫੈਸਲਾ ਕਰ ਸਕਦੇ ਹਨ, ਕਿਉਂਕਿ ਕਲੇਮ ਵਾਲੇ ਵਿਅਕਤੀ ਨੂੰ ਸਮਾਂ ਮੁੱਕਣਾ ਸ਼ੁਰੂ ਹੋਣ ਤੋਂ ਪਹਿਲਾਂ ਇਸ ਬਾਰੇ ਪਤਾ ਨਹੀਂ ਲੱਗ ਸਕਿਆ ਸੀ।

ਸਮੇਂ ਦੀ ਹੱਦ ਦਾ ਸਮਾਂ ਤਾਂ ਵੀ ਬਦਲ ਸਕਦਾ ਹੈ ਜੇ ਨੁਕਸਾਨ ਕਰਨ ਵਾਲਾ ਜਾਂ ਘਾਟਾ ਪਵਾਉਣ ਵਾਲਾ ਵਿਅਕਤੀ ਦੂਜੇ ਵਿਅਕਤੀ ਦੇ ਕਲੇਮ ਕਰਨ ਦੇ ਹੱਕ ਦੀ ਤਸਦੀਕ ਕਰਨ ਲਈ ਕੁਝ ਕਰਦਾ ਹੈ।

## ਮੁੱਖ ਸਵਾਲ

ਸਮੇਂ ਦੀਆਂ ਹੱਦਾਂ ਦੀਆਂ ਸਮੱਸਿਆਵਾਂ ਤੋਂ ਬਚਣ ਲਈ, ਇਨ੍ਹਾਂ ਸਵਾਲਾਂ ਦੇ ਜਵਾਬ ਦੇਣਾ ਬਿਹਤਰ ਹੈ:

- ਮੇਰੇ ਕਲੇਮ ਲਈ ਸਮੇਂ ਦੀ ਹੱਦ ਕਿੰਨੀ ਹੈ?
- ਮੇਰੇ ਸਮੇਂ ਦੀ ਹੱਦ ਦੀ ਉਲਟੀ ਗਿਣਤੀ ਕਦੋਂ ਸ਼ੁਰੂ ਹੋਈ ਸੀ?
- ਮੇਰੀ ਸਮੇਂ ਦੀ ਹੱਦ ਕਦੋਂ ਖਤਮ ਹੋ ਜਾਵੇਗੀ?

ਅਸੀਂ ਤੁਹਾਡੇ ਲਈ ਇਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਦੇ ਸਕਦੇ। ਤੁਸੀਂ ਇਨ੍ਹਾਂ ਦੇ ਜਵਾਬ ਕਿਸੇ ਵਕੀਲ ਤੋਂ ਪੁੱਛਣਾ ਚਾਹ ਸਕਦੇ ਹੋ। ਕਾਨੂੰਨੀ ਸਲਾਹ ਲੱਭਣ ਬਾਰੇ ਜਾਣਕਾਰੀ ਇਸ ਜਾਣਕਾਰੀ ਸ਼ੀਟ ਦੇ ਅੰਤ `ਤੇ ਦਿੱਤੀ ਗਈ ਹੈ।

## ਸਮੇਂ ਦੀਆਂ ਹੱਦਾਂ ਅਤੇ ਸੋਲੂਸ਼ਨ ਐਕਸਪਲੋਰਰ

ਤੁਹਾਡੇ ਸੋਲੂਸ਼ਨ ਐਕਸਪਲੋਰਰ ਦੀ ਵਰਤੋਂ ਕਰਨ ਵੇਲੇ ਸਮੇਂ ਦੀ ਹੱਦ ਦੀ ਉਲਟੀ ਗਿਣਤੀ ਜਾਰੀ ਰਹੇਗੀ। ਤੁਹਾਨੂੰ ਸਮੇਂ ਦੀ ਹੱਦ ਖਤਮ ਹੋਣ ਤੋਂ ਪਹਿਲਾਂ ਆਪਣਾ ਕੇਸ ਸ਼ੁਰੂ ਕਰਨ ਦੀ ਲੋੜ ਹੈ।

## ਤੁਸੀਂ ਕੀ ਕਰ ਸਕਦੇ ਹੋ

ਚਲੋ ਇਹ ਵਿਚਾਰ ਕਰੀਏ ਕਿ ਤੁਹਾਡਾ ਕਲੇਮ ਹੈ। ਪਰ ਤੁਹਾਨੂੰ ਸਮੇਂ ਦੀ ਹੱਦ ਦਾ ਪੱਕਾ ਪਤਾ ਨਹੀਂ ਹੈ। ਤੁਹਾਡੇ ਵਰਗੀ ਹਾਲਤ ਵਿਚ ਲੋਕ ਇਹ ਕਦਮ ਚੁੱਕ ਸਕਦੇ ਹਨ:

1. ਸਮੇਂ ਦੀ ਹੱਦ ਬਾਰੇ ਜਾਣਨ ਲਈ ਕਿਸੇ ਵਕੀਲ ਦੀ ਮਦਦ ਲਉ।
2. ਕੇਸ ਜਿੰਨਾ ਵੀ ਛੇਤੀ ਹੋ ਸਕੇ ਸ਼ੁਰੂ ਕਰੋ – ਇਹ ਮੌਕਾ ਘਟਾਉਣ ਦੀ ਕੋਸ਼ਿਸ਼ ਕਰਨ ਲਈ ਕਿ ਸਮੇਂ ਦੀ ਮਿਆਦ ਮੁੱਕ ਜਾਵੇਗੀ।
3. ਕੇਸ `ਤੇ ਲਾਗੂ ਹੋਣ ਵਾਲੀ ਸਮੇਂ ਦੀ ਹੱਦ ਬਾਰੇ ਜ਼ਿਆਦਾ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰੋ।

## ਹੋਰ ਮਦਦ ਚਾਹੁੰਦੇ ਹੋ?

ਤੁਸੀਂ ਅੱਗੇ ਦਿੱਤੇ ਵੈੱਬਸਾਈਟਾਂ `ਤੇ ਜ਼ਿਆਦਾ ਜਾਣ ਸਕਦੇ ਹੋ ਅਤੇ ਸੰਭਾਵੀ ਵਸੀਲੇ ਲੱਭ ਸਕਦੇ ਹੋ:

- http://www.clicklaw.bc.ca/global/search?k=limitation period `ਤੇ ਕਲਿੱਕਲਾਅ ਬੀ ਸੀ ਦਾ ਵੈੱਬਸਾਈਟ ("ਲਿਮੀਟੇਸ਼ਨ ਪੀਰੀਅਡ" ਸਰਚ ਕਰੋ)
- http://www.cbabc.org/For-the-Public/Lawyer-Referral-Service `ਤੇ ਕੈਨੇਡੀਅਨ ਬਾਰ ਐਸੋਸੀਏਸ਼ਨ ਬੀ ਸੀ ਦਾ ਵੈੱਬਸਾਈਟ – ਲੌਈਅਰ ਰੈਫਰਲ
- http://www.cbabc.org/For-the-Public/Dial-A-Law/Scripts/Small-Claims-Court `ਤੇ ਕੈਨੇਡੀਅਨ ਬਾਰ ਐਸੋਸੀਏਸ਼ਨ ਬੀ ਸੀ ਦਾ ਵੈੱਬਸਾਈਟ – ਛੋਟੇ ਕਲੇਮਾਂ ਬਾਰੇ ਜਾਣਕਾਰੀ